रोल नं० | | | | | | | | |

मुद्रित पृष्ठों की संख्या : 4

**005**

**205 (HXD)**

# 2016
# ਪੰਜਾਬੀ
## (ਪੰਜਾਬੀ)

समय : 3 घण्टे । | पूर्णांक : 100

ਭਾਗ-ੳ (ਅੰਕ 50)

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1- (ੳ) (I) 'ਅਣ' – ਅਗੇਤਰ ਵਾਲੇ ਦੋ ਸ਼ਬਦ ਲਿਖੋ।

(II) 'ਦਾਰ' – ਪਿਛੇਤਰ ਵਾਲੇ ਦੋ ਸ਼ਬਦ ਲਿਖੋ।

(III) 'ਜਗਤ ਦਾ ਗੁਰੂ' ਦਾ ਸਮਾਸੀ ਸ਼ਬਦ ਬਣਾਓ। 1+1+1=3

(ਅ) ਮੁੰਡੇ ਦਰਿਆ ਵਿੱਚ ਤਰਦੇ ਹਨ।

ਉਪਰੋਕਤ ਵਾਕ ਵਿੱਚੋਂ ਕੇਵਲ ਕਿਰਿਆ ਸ਼ਬਦ ਦੀ ਪਦ-ਵੰਡ ਕਰੋ। 3

(ੲ) (i) ਹੇਠਾਂ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ :

ਵਿਦਿਆਰਥੀ, ਅਕੱਲਾ, ਗਯਾਨੀ, ਥੋਹੜਾ।

(ii) ਹੇਠ ਲਿਖੇ ਵਾਕ ਨੂੰ ਸ਼ੁਧ ਕਰਕੇ ਲਿਖੋ : 2+1=3

ਲੜਕੇ ਤੇ ਲੜਕੀਆਂ ਦੌੜਦੀਆਂ ਹਨ।

(ਸ) ਹੇਠ ਲਿਖੇ ਵਾਕ ਨੂੰ ਵਿਸਰਾਮ-ਚਿੰਨ੍ਹ ਲਗਾ ਕੇ ਲਿਖੋ : 3

(i) ਸੁਰਿੰਦਰ ਨੇ ਕਿਹਾ ਮੈਂ ਤੇਰੀ ਸਹਾਇਤਾ ਨਹੀਂ ਕਰਾਂਗਾ

(ii) ਅਧਿਆਪਕ ਨੇ ਕਿਹਾ ਵਿਦਿਆਰੀਓ ਦਿਲ ਲਾ ਕੇ ਪੜ੍ਹਿਆ ਕਰੋ

(iii) ਕੀ ਤੁਸੀਂ ਮੈਚ ਜਿੱਤ ਗਏ ਹੋ

(ਹ) ਹੇਠ ਲਿਖੇ ਵਾਕਾਂ ਨੂੰ ਸਾਹਮਣੇ ਲਿਖੇ ਅਨੁਸਾਰ ਬਦਲੋ : 1+1+1=3

(I) ਮੇਰੀ ਇੱਛਾ ਹੈ ਕਿ ਮੈਂ ਵੀ ਪੜ੍ਹਿਆ ਹੁੰਦਾ। (ਵਿਸਮਿਕ)

(II) ਮੋਹਨ ਘਰ ਨਹੀਂ ਹੈ। (ਹਾਂ-ਵਾਚਕ ਕਾਲ)

(III) ਉਹ ਸੱਚ ਬੋਲਣ ਤੋਂ ਨਹੀਂ ਡਰਦਾ। (ਪ੍ਰਸ਼ਨ-ਵਾਚਕ ਕਾਲ)

2- (ੳ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪੱਸ਼ਟ ਕਰੋ : 3

ਈਦ ਦਾ ਚੰਨ ਹੋਣਾ, ਸਰ ਕਰਨਾ, ਅੱਖਾਂ ਉੱਤੇ ਬਿਠਾਉਣਾ, ਅੱਜ-ਕੱਲ੍ਹ ਕਰਨਾ, ਹੱਥ ਪੈਰ ਮਾਰਨੇ।

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੇ ਜਾਂਦੇ ਹਨ : 2

ਉੱਚੀ ਦੁਕਾਨ ਫਿੱਕਾ ਪਕਵਾਨ, ਇੱਕ ਚੁੱਪ ਸੌ ਸੁੱਖ।

3- ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 300 ਸ਼ਬਦਾਂ 'ਚ ਨਿਬੰਧ ਲਿਖੋ: 12

(I) ਸਾਡੇ ਜੀਵਨ 'ਚ ਵਿਗਿਆਨ ਦਾ ਮਹੱਤਵ

(II) ਮਾ-ਭਰੂਣ ਹੱਤਿਆ-ਇੱਕ ਸਮਾਜਕ ਬੁਰਾਈ,

(III) ਮੇਰਾ ਮਨ ਪਸੰਦ ਲੇਖਕ,



[P.T.O.

(IV) ਵਿੱਦਿਆ ਦਾ ਮਹੱਤਵ

(V) ਵਧ ਰਹੀ ਮਹਿੰਗਾਈ–ਇੱਕ ਸਮੱਸਿਆ।

4- ਆਪਣੇ ਪ੍ਰਦੇਸ਼ ਦੇ ਮੁੱਖ–ਮੰਤਰੀ ਜੀ ਨੂੰ ਚਿੱਠੀ ਲਿਖੋ ਕਿ ਤੁਹਾਡੇ ਸ਼ਹਿਰ ਵਿੱਚ ਉੱਚ–ਸਿੱਖਿਆ ਲਈ ਇੱਕ ਸਰਕਾਰੀ ਕਾਲਜ ਖੋਲ੍ਹਿਆ ਜਾਵੇ। 8

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਉਹ ਆਪਣੀ ਅਖ਼ਬਾਰ 'ਚ ਇਸਤਰੀ ਵਿਦਿਆ ਦੇ ਮਹੱਤਵ ਸਬੰਧੀ ਲੇਖ, ਕਹਾਣੀਆਂ ਅਤੇ ਸੰਪਾਦਕੀ ਆਦਿ ਪ੍ਰਕਾਸ਼ਤ ਕਰਕੇ ਇਸਤਰੀ ਵਿੱਦਿਆ ਦੇ ਵਿਕਾਸ ਲਈ ਇਕ ਮੁਹਿੰਮ ਸ਼ੁਰੂ ਕਰਨ।

5- ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ: 8+2=10

ਜਦ ਅਸੀਂ ਮਹਾਨ ਗ੍ਰੰਥਾਂ ਨੂੰ ਪੜ੍ਹਦੇ ਹਾਂ ਤਾਂ ਸਾਡੇ ਮਨ ਉਹਨਾਂ ਦੇ ਵਿਚਾਰਾਂ ਨਾਲ ਰੰਗੇ ਜਾਂਦੇ ਹਨ। ਮਹਾਨ ਪੁਸਤਕਾਂ ਆਦਮੀ ਨੂੰ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਂਦੀਆਂ ਹਨ। ਉਹ ਸਾਡੇ ਅੰਦਰ ਮਨ ਦੀ ਵਿਸ਼ਾਲਤਾ ਤੇ ਪ੍ਰਮਾਣੀਕ ਦ੍ਰਿਸ਼ਟੀ ਪੈਦਾ ਕਰਦੀਆਂ ਹਨ।

ਸੰਸਕ੍ਰਿਤ ਦੇ ਇੱਕ ਸ਼ਲੋਕ ਵਿੱਚ ਕਿਹਾ ਗਿਆ ਹੈ : ਸੰਸਾਰ ਹੈ ਤਾਂ ਜ਼ਹਿਰ ਦਾ ਬ੍ਰਿਛ, ਪਰ ਉਸ ਦੇ ਦੋ ਫਲ ਅੰਮ੍ਰਿਤ ਵਰਗੇ ਹਨ। ਉਹਨਾਂ ਵਿਚੋਂ ਇਕ ਹੈ ਕਵਿਤਾ ਦਾ ਸਵਾਦ ਤੇ ਦੂਜਾ ਹੈ ਸੱਜਣਾਂ ਨਾਲ ਵਾਰਤਾਲਾਪ।

ਕੁਝ ਕਿਤਾਬਾਂ ਮਨ–ਪਰਚਾਵਾ ਕਰਦੀਆਂ, ਕੁਝ ਗਿਆਨ ਵਧਾਉਂਦੀਆਂ ਹਨ ਤੇ ਕੁਝ ਸਾਡੀ ਪ੍ਰਗਤੀ ਨੂੰ ਉਚੇਰੀ ਪੱਧਰ ਉਤੇ ਲੈ ਜਾਂਦੀਆਂ ਹਨ। ਇਸ ਅੰਤਲੀ ਸ਼ਰੇਣੀ ਦੀਆਂ ਕਿਤਾਬਾਂ ਉਹ ਹਨ, ਜਿਨ੍ਹਾਂ ਨੂੰ ਪੜ੍ਹਨਾ–ਘੋਖਣਾ ਸਾਡੇ ਲਈ ਜ਼ਰੂਰੀ ਹੈ।

(ਭਾਗ–ਅ) ਅੰਕ 50

6- ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ–ਪੁਸਤਕ ਦੇ ਆਧਾਰ ਤੇ ਇੱਕ ਸ਼ਬਦ/ਪੰਕਤੀ ਵਿੱਚ ਦਿਓ : 1x8=8

(I) ਪ੍ਰੋ: ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਅਨੁਸਾਰ ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ?

(II) ਹਉਂ ਨੂੰ ਮਾਰ ਕੇ ਅਰਦਾਸ (ਪ੍ਰਾਰਥਨਾ) ਕਰਨ ਨਾਲ ਕੀ ਸੁੱਖ ਮਿਲਦਾ ਹੈ?

(III) ਇਸਤਰੀ ਦੀ ਸੰਸਾਰ ਵਿੱਚ ਕੀ ਮਹਾਨਤਾ ਹੈ?

(IV) ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿਚ ਪ੍ਰਗਟ ਹੋਏ ਸਨ?

(V) 'ਅਗਲੇ ਜ਼ਮਾਨੇ' ਦੇ ਆਧਾਰ ਉੱਤੇ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿਚ ਕੀ ਤਬਦੀਲੀ ਆਈ ਹੈ?

(VI) ਪੰਜਾ ਸਾਹਿਬ ਦੇ ਲੋਕਾਂ ਨੇ ਗੱਡੀ ਨੂੰ ਕਿਉਂ ਰੋਕਿਆ?

(VII) 'ਕਸਤੂਰੀ ਵਾਲਾ ਮਿਰਗ' ਕਹਾਣੀ ਵਿੱਚ ਕਿਸ ਨੂੰ ਕਸਤੂਰੀ ਵਾਲਾ ਮਿਰਗ ਕਿਹਾ ਗਿਆ ਹੈ?

(VIII) ਡਾ0 ਰਾਧਾਕ੍ਰਿਸ਼ਨਨ ਦਾ ਦੂਸਰੇ ਧਰਮਾਂ ਬਾਰੇ ਕੀ ਦ੍ਰਿਸ਼ਟੀਕੋਣ ਸੀ?

7- ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ ਦੇ ਅਧਾਰ ਤੇ ਸੰਖੇਪ ਵਿਚ ਦਿਓ : 2x9=18

(I) ਆਪਣਾ ਘਰ ਦੇਖ ਕੇ ਲੇਖਕ ਭਾਵੁਕ ਕਿਉਂ ਹੋ ਗਿਆ ਸੀ?

(II) 'ਅਗਲੇ ਜ਼ਮਾਨੇ' ਨਿਬੰਧ ਦਾ ਲੇਖਕ ਕੌਣ ਹੈ? ਲੇਖਕ ਇਸ ਨਿਬੰਧ ਵਿੱਚ ਕੀ ਦੱਸਣਾ ਚਾਹੁੰਦਾ ਹੈ?

(III) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਵਿੱਚ ਕਿਸ ਅਹਿਦਨਾਮੇ ਉੱਤੇ ਦਸਤਖ਼ਤ ਕਰਨ ਦਾ ਸੱਦਾ ਦਿੱਤਾ ਗਿਆ ਹੈ?

(IV) ਜੀਤੀ ਨੇ ਆਪਣੀ ਦਾਦੀ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਆਪਣੇ ਪਿਤਾ ਨੂੰ ਚਿੱਠੀ ਕਿਉਂ ਨਹੀਂ ਸੀ ਪਾਈ?

(V) ਲੇਖਕ ਨੂੰ ਐਮ.ਏ. ਪਾਸ ਕਰਨ ਦੀ ਵਧਾਈ ਦਿੰਦਿਆਂ ਹੋਇਆਂ ਸਰਦਾਰ ਉੱਤਮ ਸਿੰਘ ਸੰਧੂ ਨੇ ਕੀ-ਕੀ ਵਡਿਆਈ ਕੀਤੀ?

(VI) ਟਾਲਸਟਾਏ ਦਾ ਬਚਪਨ ਕਿਸ ਤਰ੍ਹਾਂ ਗੁਜ਼ਰਿਆ ਸੀ?

(VII) ਡਾ0 ਰਾਧਾਕ੍ਰਿਸ਼ਨਨ ਦਾ ਭਾਰਤ ਤੇ ਵਿਦੇਸ਼ਾਂ ਵੱਲੋਂ ਕੀ ਸਨਮਾਨ ਕੀਤਾ ਗਿਆ?

(VIII) ਬਾਬਾ ਗੁਰਦਿੱਤ ਸਿੰਘ ਦੇ ਮੁੱਢਲੇ ਜੀਵਨ ਬਾਰੇ ਦੱਸੋ।

(IX) ਕਸ਼ਮੀਰੀ ਪੰਡਤਾਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਵਿਚਕਾਰ ਕੀ ਗੱਲਬਾਤ ਹੋਈ ਅਤੇ ਬਾਲਕ ਗੋਬਿੰਦ ਨੇ ਕੀ ਸੁਝਾਅ ਦਿੱਤਾ?

8- 'ਦੁਸ਼ਮਣ-ਇਕਾਂਗੀ' ਵਿੱਚ ਦੁਸ਼ਮਣ ਕਿਸ ਨੂੰ ਕਿਹਾ ਗਿਆ ਹੈ ਅਤੇ ਕਿਉਂ? ਸੰਖੇਪ ਉੱਤਰ ਦਿਓ। 5

9- ਡਾ0 ਬਲਬੀਰ ਸਿੰਘ ਦੇ ਨਿਬੰਧ 'ਪ੍ਰਾਰਥਨਾ' ਦੇ ਆਧਾਰ ਤੇ ਪ੍ਰਾਰਥਨਾ ਦਾ ਮਹੱਤਵ ਦੱਸੋ। ਉੱਤਰ ਸੰਖੇਪ ਵਿੱਚ ਲਿਖੋ। 5

10- ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਇਸ ਦੇ ਆਧਾਰ ਤੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2+1+1=4

ਦਾਦੀ ਮਰ ਗਈ। ਜੀਤੀ ਬੜਾ ਈ ਰੋਈ। ਉਹਨੂੰ ਮੁੜ ਮੁੜ ਖਿਆਲ ਆਉਂਦਾ, ਖ਼ਬਰੇ ਪਿਤਾ ਜੀ ਨੂੰ ਆਖ਼ਰੀ ਵੇਲੇ ਵੇਖਣ ਨੂੰ ਦਾਦੀ ਦਾ ਕਿੰਨਾ ਕੁ ਦਿਲ ਕਰਦਾ ਹੋਊ....ਮੈਂ ਚੰਦਰੀ ਨੇ ਖ਼ਤ ਕਿਉਂ ਨਾ ਪਾਇਆ। ਉਹਨੂੰ ਆਪਣੀ ਮਾਂ 'ਤੇ ਵੀ ਗੁੱਸਾ ਆਉਂਦਾ ਜਿਹੜੀ ਕਹਿੰਦੀ ਸੀ ਇਹਨੇ ਕਿਤੇ ਮਰਨਾ ਏ! ਪਰ ਹੁਣ ਕੀ ਹੋ ਸਕਦਾ ਸੀ! ਉਹ ਸੋਚਦੀ, 'ਮੇਰੀ ਦਾਦੀ ਕਿੰਨੀ ਚੰਗੀ ਸੀ'! ....'ਦਾਦੀ ਮੈਨੂੰ ਮੁਆਫ਼ ਕਰਦੇ .....ਮੈਂ ਤੇਰੇ ਕਹੇ ਪਿਤਾ ਜੀ ਨੂੰ ਖ਼ਤ ਨਹੀਂ ਪਾਇਆ। ਦਾਦੀ ਮੈਂ ਬਹੁਤ ਬੁਰੀ ਹਾਂ।'

(I) ਇਹ ਪੈਰਾ ਕਿਸ ਕਹਾਣੀ ਵਿੱਚੋਂ ਲਿਆ ਗਿਆ ਹੈ? ਕਹਾਣੀ ਦੇ ਲੇਖਕ ਦਾ ਨਾਮ ਵੀ ਲਿਖੋ।

(II) ਦਾਦੀ ਦੀ ਮੌਤ 'ਤੇ ਜੀਤੀ ਕੀ ਸੋਚ-ਸੋਚ ਕੇ ਪਰੇਸ਼ਾਨ ਸੀ?

(III) ਜੀਤੀ ਆਪਣੀ ਮਾਂ ਉੱਤੇ ਕਿਉਂ ਨਿਰਾਜ਼ ਸੀ?

11- ਹੇਠ ਲਿਖੀਆਂ ਕਾਵਿ-ਪੰਕਤੀਆਂ ਦੇ ਆਧਾਰ ਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : 1+1+1+2=5

(ੳ) ਤੂ ਠਾਕੁਰੁ ਤੁਮ ਪਹਿ ਅਰਦਾਸਿ।।

ਜੀਉ ਪਿੰਡੁ ਸਭੁ ਤੇਰੀ ਰਾਸਿ।।

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।।

ਤੁਮਰੀ ਕਿਰਪਾ ਮਹਿ ਸੂਖ ਘਨੇਰੇ।।

(I) ਇਹ ਪੰਕਤੀਆਂ ਕਿਸ ਦੀ ਰਚਨਾ ਹਨ?

(II) ਇਸ ਵਿਚ ਕਿਸ ਅੱਗੇ ਅਰਦਾਸ ਕੀਤੀ ਗਈ ਹੈ?

(III) ਕਿਸ ਦੀ ਕਿਰਪਾ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ?

(IV) ਇਸ ਰਚਨਾ ਵਿੱਚ 'ਠਾਕੁਰ' ਅਤੇ 'ਬਾਰਿਕ' ਕਿਸ-ਕਿਸ ਦੇ ਪ੍ਰਤੀਕ ਹਨ।

(ਅ) ਅਮਨ ਦਾ ਇਹ ਅਹਿਦਨਾਮਾ,

ਆਓ ਦੁਨੀਆ ਵਾਲਿਓ ਦਸਖ਼ਤ ਕਰੋ।

ਕਾਗਜ਼ ਹੈ ਇਹ ਤਕਦੀਰ ਦਾ, ਤੇ ਕਲਮ ਹੈ ਤਕਬੀਰ ਦੀ

ਅੱਜ ਕਲਮ ਦੇ ਵਿਚ ਅਮਲ ਦੀ ਸਿਆਹੀ ਭਰੋ।

ਦਸਖ਼ਤ ਕਰੋ! 2+1+1+1=5

(I) ਇਹ ਕਾਵਿ-ਪੰਕਤੀਆਂ ਕਿਸ ਦੀ ਰਚਨਾ ਹੈ ਅਤੇ ਕਿਸ ਕਵਿਤਾ ਵਿਚੋਂ ਲਈਆਂ ਹਨ?

(II) ਅਹਿਦਨਾਮਾ ਤੋਂ ਕਵੀ ਦਾ ਕੀ ਭਾਵ ਹੈ?

(III) ਦੁਨੀਆਂ ਵਾਲਿਆਂ ਨੂੰ ਕਿਸ ਅਹਿਦਨਾਮੇ ਉੱਤੇ ਦਸਖ਼ਤ ਕਰਨ ਦਾ ਸੱਦਾ ਦਿੱਤਾ ਗਿਆ ਹੈ?

(IV) ਇਸ ਕਵਿਤਾ ਵਿੱਚ ਕਵੀ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?

..............